ਮਿੱਠੇ ਬੱਚੇ:- ਤੁਸੀਂ ਜਿਨਾਂ ਵਕ਼ਤ ਬਾਪ ਦੀ ਯਾਦ ਵਿੱਚ ਰਹੋਗੇ ਉਨ੍ਹਾਂ ਵਕ਼ਤ ਕਮਾਈ ਹੀ ਕਮਾਈ ਹੈ, ਯਾਦ ਨਾਲ ਹੀ ਤੁਸੀਂ ਬਾਪ ਦੇ ਨੇੜੇ ਆਉਂਦੇ ਜਾਉਗੇ"

ਪ੍ਰਸ਼ਨ:- ਜੋ ਬੱਚੇ ਯਾਦ ਵਿੱਚ ਨਹੀਂ ਰਹਿ ਸਕਦੇ ਹਨ, ਉਨ੍ਹਾਂ ਨੂੰ ਕਿਹੜੀ ਗੱਲ ਵਿੱਚ ਲੱਜਾ ਆਉਂਦੀ ਹੈ?

ਉੱਤਰ:- ਆਪਣਾ ਚਾਰਟ ਰੱਖਣ ਵਿੱਚ ਉਨ੍ਹਾਂ ਨੂੰ ਲੱਜਾ ਆਉਂਦੀ ਹੈ। ਸਮਝਦੇ ਹਨ ਸੱਚ ਲਿਖਾਂਗੇ ਤਾਂ ਬਾਬਾ ਕੀ ਕਹੇਗਾ। ਪਰ ਬੱਚਿਆਂ ਦਾ ਕਲਿਆਣ ਇਸ ਵਿੱਚ ਹੀ ਹੈ ਕਿ ਸੱਚਾ - ਸੱਚਾ ਚਾਰਟ ਲਿੱਖਦੇ ਰਹਿਣ। ਚਾਰਟ ਲਿੱਖਣ ਵਿੱਚ ਬਹੁਤ ਫ਼ਾਇਦੇ ਹਨ। ਬਾਬਾ ਕਹਿੰਦੇ ਹਨ - ਬੱਚੇ, ਇਸ ਵਿੱਚ ਲੱਜਾ ਨਾ ਕਰੋ

ਓਮ ਸ਼ਾਂਤੀ ਰੂਹਾਨੀ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਹੁਣ ਤੁਸੀਂ ਬੱਚੇ 15 ਮਿੰਟ ਪਹਿਲਾਂ ਆਕੇ ਇੱਥੇ ਬਾਪ ਦੀ ਯਾਦ ਵਿੱਚ ਬੈਠਦੇ ਹੋ। ਹੁਣ ਇੱਥੇ ਹੋਰ ਤਾਂ ਕੋਈ ਕੰਮ ਹੈ ਨਹੀਂ। ਬਾਪ ਦੀ ਯਾਦ ਵਿੱਚ ਹੀ ਆਕੇ ਬੈਠਦੇ ਹੋ। ਭਗਤੀ ਮਾਰ੍ਗ ਵਿੱਚ ਤਾਂ ਬਾਪ ਦਾ ਪਰਿਚੈ ਹੈ ਨਹੀਂ। ਇੱਥੇ ਬਾਪ ਦਾ ਪਰਿਚੈ ਮਿਲਿਆ ਹੈ ਅਤੇ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਮੈਂ ਤਾਂ ਸਭ ਬੱਚਿਆਂ ਦਾ ਬਾਪ ਹਾਂ। ਬਾਪ ਨੂੰ ਯਾਦ ਕਰਨ ਨਾਲ ਵਰਸਾ ਤਾਂ ਆਟੋਮੈਟਿਕਲੀ ਯਾਦ ਆਉਣਾ ਚਾਹੀਦਾ ਹੈ। ਛੋਟੇ ਬੱਚੇ ਤਾਂ ਨਹੀਂ ਹੋ ਨਾ। ਭਾਵੇਂ ਲਿਖਦੇ ਹੋ ਅਸੀਂ 5 ਮਹੀਨੇ ਜਾਂ 2 ਮਹੀਨੇ ਦੇ ਹਾਂ ਪਰ ਤੁਹਾਡੀਆਂ ਕਰਮਇੰਦ੍ਰੀਆਂ ਤਾਂ ਵੱਡੀਆਂ ਹਨ। ਤਾਂ ਰੂਹਾਨੀ ਬਾਪ ਸਮਝਾਉਂਦੇ ਹਨ, ਇੱਥੇ ਬਾਪ ਅਤੇ ਵਰਸੇ ਦੀ ਯਾਦ ਵਿੱਚ ਬੈਠਣਾ ਹੈ। ਜਾਣਦੇ ਹੋ ਅਸੀਂ ਨਰ ਤੋਂ ਨਾਰਾਇਣ ਬਣਨ ਦੇ ਪੁਰਸ਼ਾਰਥ ਵਿੱਚ ਤਿਆਰ ਹਾਂ ਅਤੇ ਸ੍ਵਰਗ ਵਿੱਚ ਜਾਣ ਦੇ ਲਈ ਪੁਰਸ਼ਾਰਥ ਕਰ ਰਹੇ ਹਾਂ। ਤਾਂ ਇਹ ਬੱਚਿਆਂ ਨੂੰ ਨੋਟ ਕਰਨਾ ਚਾਹੀਦਾ - ਅਸੀਂ ਇੱਥੇ ਬੈਠੇ - ਬੈਠੇ ਕਿੰਨਾ ਵਕ਼ਤ ਯਾਦ ਕੀਤਾ? ਲਿੱਖਣ ਨਾਲ ਬਾਪ ਸਮਝ ਜਾਣਗੇ। ਇਵੇਂ ਨਹੀਂ ਕਿ ਬਾਪ ਨੂੰ ਪਤਾ ਚਲਦਾ ਹੈ - ਹਰ ਇੱਕ ਕਿੰਨਾ ਵਕ਼ਤ ਯਾਦ ਵਿੱਚ ਰਹਿੰਦੇ ਹਨ? ਉਹ ਤਾਂ ਹਰ ਇੱਕ ਆਪਣੇ ਚਾਰਟ ਤੋਂ ਸਮਝ ਸਕਦੇ ਹਨ - ਬਾਪ ਦੀ ਯਾਦ ਸੀ ਜਾਂ ਬੁੱਧੀ ਕਿਸੇ ਹੋਰ ਵੱਲ ਚਲੀ ਗਈ? ਇਹ ਵੀ ਬੁੱਧੀ ਵਿੱਚ ਹੈ ਹੁਣ ਬਾਬਾ ਆਉਣਗੇ ਤਾਂ ਹੀ ਇਹ ਵੀ ਯਾਦ ਠਹਿਰੀਂ ਨਾ। ਕਿੰਨਾ ਵਕ਼ਤ ਯਾਦ ਕੀਤਾ, ਉਹ ਚਾਰਟ ਵਿੱਚ ਸੱਚ ਲਿਖਣਗੇ। ਝੂਠ ਲਿੱਖਣ ਨਾਲ ਤਾਂ ਹੋਰ ਹੀ ਸੌ ਗੁਣਾ ਪਾਪ ਚੜ੍ਹੇਗਾ ਅਤੇ ਹੋਰ ਹੀ ਨੁਕਸਾਨ ਹੋ ਜਾਏਗਾ ਇਸਲਈ ਸੱਚ ਲਿਖਣਾ ਹੈ - ਜਿਨਾਂ ਯਾਦ ਕਰਣਗੇ ਉਨ੍ਹੇ ਵਿਕਰਮ ਵਿਨਾਸ਼ ਹੋਣਗੇ। ਅਤੇ ਇਹ ਵੀ ਜਾਣਦੇ ਹੋ ਅਸੀਂ ਨੇੜੇ ਆਉਂਦੇ ਜਾਂਦੇ ਹਾਂ। ਅਖ਼ੀਰ ਵਿੱਚ ਜਦੋਂ ਯਾਦ ਪੂਰੀ ਹੋ ਜਾਏਗੀ ਤਾਂ ਫੇਰ ਅਸੀਂ ਬਾਬਾ ਕੋਲ਼ ਚਲੇ ਜਾਵਾਂਗੇ। ਫੇਰ ਕੋਈ ਤਾਂ ਝੱਟ ਨਵੀਂ ਦੁਨੀਆਂ ਵਿੱਚ ਆਕੇ ਪਾਰ੍ਟ ਵਜਾਉਣਗੇ, ਕੋਈ ਉੱਥੇ ਹੀ ਬੈਠੇ ਰਹਿਣਗੇ। ਉੱਥੇ ਕੋਈ ਸੰਕਲਪ ਤਾਂ ਆਏਗਾ ਨਹੀਂ। ਉਹ ਹੈ ਹੀ ਮੁਕਤੀਧਾਮ, ਦੁੱਖ - ਸੁੱਖ ਤੋਂ ਨਿਆਰੇ। ਸੁੱਖਧਾਮ ਵਿੱਚ ਜਾਣ ਦੇ ਲਈ ਹੁਣ ਤੁਸੀਂ ਪੁਰਸ਼ਾਰਥ ਕਰਦੇ ਹੋ। ਜਿੰਨਾਂ ਤੁਸੀਂ ਯਾਦ ਕਰੋਗੇ ਉਨ੍ਹਾਂ ਵਿਕਰਮ ਵਿਨਾਸ਼ ਹੋਣਗੇ। ਯਾਦ ਦਾ ਚਾਰਟ ਰੱਖਣ ਨਾਲ ਗਿਆਨ ਦੀ ਧਾਰਨਾ ਵੀ ਚੰਗੀ ਹੋਵੇਗੀ। ਚਾਰਟ ਰੱਖਣ ਨਾਲ ਤਾਂ ਫ਼ਾਇਦਾ ਹੀ ਹੈ। ਬਾਬਾ ਜਾਣਦੇ ਹਨ ਯਾਦ ਵਿੱਚ ਨਾ ਰਹਿਣ ਕਾਰਨ ਲਿੱਖਣ ਵਿੱਚ ਲੱਜਾ ਆਉਂਦੀ ਹੈ। ਬਾਬਾ ਕੀ ਕਹਿਣਗੇ, ਮੁਰਲੀ ਵਿੱਚ ਸੁਣਾ ਦੇਣਗੇ। ਬਾਪ ਕਹਿੰਦੇ ਹਨ ਇਸ ਵਿੱਚ ਲੱਜਾ ਦੀ ਕੀ ਗੱਲ ਹੈ। ਦਿਲ ਅੰਦਰ ਹਰ ਇੱਕ ਸਮਝ ਸਕਦੇ ਹਨ - ਅਸੀਂ ਯਾਦ ਕਰਦੇ ਹਾਂ ਜਾਂ ਨਹੀਂ? ਕਲਿਆਣਕਾਰੀ ਬਾਪ ਤਾਂ ਸਮਝਾਉਂਦੇ ਹਨ, ਨੋਟ ਕਰਣਗੇ ਤਾਂ ਕਲਿਆਣ ਹੋਵੇਗਾ। ਜਦੋਂ ਤੱਕ ਬਾਪ ਆਉਣ, ਉਨ੍ਹਾਂ ਵਕ਼ਤ ਜੋ ਬੈਠੇ ਉਸ ਦੀ ਯਾਦ ਦਾ ਚਾਰਟ ਕਿੰਨਾ ਰਿਹਾ? ਫ਼ਰਕ ਦੇਖਣਾ ਚਾਹੀਦਾ ਹੈ। ਪਿਆਰੀ ਚੀਜ਼ ਨੂੰ ਤਾਂ ਬਹੁਤ ਯਾਦ ਕੀਤਾ ਜਾਂਦਾ ਹੈ। ਕੁਮਾਰ - ਕੁਮਾਰੀ ਦੀ ਸਗਾਈ ਹੁੰਦੀ ਹੈ ਤਾਂ ਦਿਲ ਵਿੱਚ ਇੱਕ - ਦੋ ਦੀ ਯਾਦ ਠਹਿਰ ਜਾਂਦੀ ਹੈ। ਫੇਰ ਵਿਆਹ ਹੋਣ ਨਾਲ ਪੱਕੀ ਹੋ ਜਾਂਦੀ ਹੈ। ਬਗ਼ੈਰ ਵੇਖੇ ਸਮਝ ਜਾਂਦੇ ਹਨ - ਸਾਡੀ ਸਗਾਈ ਹੋਈ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਸ਼ਿਵਬਾਬਾ ਸਾਡਾ ਬੇਹੱਦ ਦਾ ਬਾਪ ਹੈ। ਭਾਵੇਂ ਵੇਖਿਆ ਨਹੀਂ ਹੈ ਪਰ ਬੁੱਧੀ ਨਾਲ ਸਮਝ ਸਕਦੇ ਹੋ, ਉਹ ਬਾਪ ਜੇਕਰ ਨਾਮ - ਰੂਪ ਤੋਂ ਨਿਆਰਾ ਹੈ ਤਾਂ ਫੇਰ ਪੂਜਾ ਕਿਸ ਦੀ ਕਰਦੇ ਹੋ? ਯਾਦ ਕਿਓ ਕਰਦੇ ਹੋ? ਨਾਮ - ਰੂਪ ਤੋਂ ਨਿਆਰੀ ਬੇਅੰਤ ਤਾਂ ਕੋਈ ਚੀਜ਼ ਹੁੰਦੀ ਨਹੀਂ। ਜ਼ਰੂਰ ਚੀਜ਼ ਨੂੰ ਵੇਖਿਆ ਜਾਂਦਾ ਹੈ ਉਦੋਂ ਵਰਣਨ ਹੁੰਦਾ ਹੈ। ਆਕਾਸ਼ ਨੂੰ ਵੀ ਵੇਖਦੇ ਹਨ ਨਾ। ਬੇਅੰਤ ਕਹਿ ਨਹੀਂ ਸਕਦੇ। ਭਗਤੀ ਮਾਰ੍ਗ ਵਿੱਚ ਭਗਵਾਨ ਨੂੰ ਯਾਦ ਕਰਦੇ ਹਾਂ - "ਹੇ ਭਗਵਾਨ" ਤਾਂ ਬੇਅੰਤ ਥੋੜੀ ਕਹਾਂਗੇ। "ਹੇ ਭਗਵਾਨ" ਕਹਿਣ ਨਾਲ ਤਾਂ ਝੱਟ ਉਨ੍ਹਾਂ ਦੀ ਯਾਦ ਆਉਂਦੀ ਹੈ ਤਾਂ ਜ਼ਰੂਰ ਕੋਈ ਚੀਜ਼ ਹੈ। ਆਤਮਾ ਨੂੰ ਵੀ ਜਾਣਿਆ ਜਾਂਦਾ ਹੈ, ਵੇਖਿਆ ਨਹੀਂ ਜਾਂਦਾ।

ਸਭ ਆਤਮਾਵਾਂ ਦਾ ਇੱਕ ਹੀ ਬਾਪ ਹੁੰਦਾ ਹੈ, ਉਨ੍ਹਾਂ ਨੂੰ ਵੀ ਜਾਣਿਆ ਜਾਂਦਾ ਹੈ। ਤੁਸੀਂ ਬੱਚੇ ਜਾਣਦੇ ਹੋ - ਬਾਪ ਆਕੇ ਪੜ੍ਹਾਉਂਦੇ ਵੀ ਹਨ। ਅੱਗੇ ਇਹ ਪੱਤਾ ਨਹੀਂ ਸੀ ਕਿ ਪੜ੍ਹਾਉਂਦੇ ਵੀ ਹਨ। ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਸ਼੍ਰੀਕ੍ਰਿਸ਼ਨ ਤਾਂ ਇਨ੍ਹਾਂ ਅੱਖਾਂ ਨਾਲ ਵੇਖਣ ਵਿੱਚ ਆਉਂਦਾ ਹੈ। ਉਨ੍ਹਾਂ ਲਈ ਤਾਂ ਬੇਅੰਤ, ਨਾਮ - ਰੂਪ ਤੋਂ ਨਿਆਰਾ ਕਹਿ ਨਹੀਂ ਸਕਦੇ। ਸ਼੍ਰੀਕ੍ਰਿਸ਼ਨ ਤਾਂ ਕਦੇ ਕਹਿਣਗੇ ਨਹੀਂ - ਮਾਮੇਕਮ ਯਾਦ ਕਰੋ। ਉਹ ਤਾਂ ਸਨਮੁੱਖ ਹੈ। ਉਨ੍ਹਾਂ ਨੂੰ ਬਾਬਾ ਵੀ ਨਹੀਂ ਕਹਾਂਗੇ। ਮਾਤਾਵਾਂ ਤਾਂ ਸ਼੍ਰੀਕ੍ਰਿਸ਼ਨ ਨੂੰ ਬੱਚਾ ਸਮਝ ਗੋਦੀ ਵਿੱਚ ਬਿਠਾਉਂਦੀਆਂ ਹਨ। ਜਨਮਅਸ਼ਟਮੀ ਤੇ ਛੋਟੇ ਕ੍ਰਿਸ਼ਨ ਨੂੰ ਝੁਲਾਣਗੇ। ਕੀ ਸਦੈਵ ਛੋਟਾ ਹੀ ਹੈ! ਫੇਰ ਰਾਸ ਵਿਲਾਸ ਵੀ ਕਰਦੇ ਹਨ। ਤੇ ਜ਼ਰੂਰ ਥੋੜ੍ਹਾ ਵੱਡਾ ਹੋਇਆ ਫੇਰ ਉਸਤੋਂ ਵੱਡਾ ਹੋਇਆ ਫੇਰ ਕੀ ਹੋਇਆ, ਕਿੱਥੇ ਗਿਆ, ਕਿਸੀ ਨੂੰ ਵੀ ਪਤਾ ਨਹੀਂ। ਸਦੈਵ ਛੋਟਾ ਸ਼ਰੀਰ ਤਾਂ ਨਹੀਂ ਹੋਵੇਗਾ ਨਾ। ਕੁਝ ਵੀ ਖਿਆਲ ਨਹੀਂ ਕਰਦੇ ਹਨ। ਇਹ ਪੂਜਾ ਆਦਿ ਦੀ ਰਸਮ ਚਲੀ ਆਉਂਦੀ ਹੈ। ਗਿਆਨ ਤਾਂ ਕਿਸੇ ਵਿੱਚ ਹੈ

ਨਹੀਂ। ਵਿਖਾਉਂਦੇ ਹਨ ਸ੍ਰੀਕ੍ਰਿਸ਼ਨ ਨੇ ਕੰਸਪੁਰੀ ਵਿੱਚ ਜਨਮ ਲਿਆ। ਹੁਣ ਕੰਸਪੁਰੀ ਦੀ ਤਾਂ ਗੱਲ ਹੀ ਨਹੀਂ। ਕੋਈ ਦਾ ਵੀ ਵਿਚਾਰ ਨਹੀਂ ਚਲਦਾ। ਭਗਤ ਲੋਕੀਂ ਤਾਂ ਕਹਿਣਗੇ ਸ੍ਰੀਕ੍ਰਿਸ਼ਨ ਹਾਜ਼ਿਰਾਹਜ਼ੂਰ ਹੈ ਫੇਰ ਉਨ੍ਹਾਂ ਨੂੰ ਇਸ਼ਨਾਨ ਵੀ ਕਰਾਉਂਦੇ ਹਨ, ਖੁਆਉਂਦੇ ਵੀ ਹਨ। ਹੁਣ ਉਹ ਖਾਂਦਾ ਤੇ ਨਹੀਂ। ਰੱਖਦੇ ਹਨ ਮੂਰਤੀ ਦੇ ਸਾਹਮਣੇ ਅਤੇ ਆਪ ਖਾ ਲੈਂਦੇ ਹਨ। ਇਹ ਵੀ ਭਗਤੀ ਮਾਰ੍ਗ ਹੋਇਆ ਨਾ। ਸ੍ਰੀਨਾਥ ਜੀ ਤੇ ਇਤਨਾ ਭੋਗ ਲਗਾਉਂਦੇ ਹਨ, ਉਹ ਤਾਂ ਖਾਂਦਾ ਨਹੀਂ, ਆਪ ਖਾ ਜਾਂਦੇ ਹਨ। ਦੇਵੀਆਂ ਦੀ ਪੂਜਾ ਵਿੱਚ ਵੀ ਇਵੇਂ ਹੀ ਕਰਦੇ ਹਨ। ਖੁਦ ਹੀ ਦੇਵੀਆਂ ਬਣਾਉਂਦੇ ਹਨ, ਉਨ੍ਹਾਂ ਦੀ ਪੂਜਾ ਆਦਿ ਕਰ ਫੇਰ ਡੁਬੋ ਦਿੰਦੇ ਹਨ। ਜੇਵਰਾਤ ਆਦਿ ਲਾਕੇ ਡੁਬਾਉਂਦੇ ਹਨ ਫੇਰ ਉੱਥੇ ਤਾਂ ਬਹੁਤ ਰਹਿੰਦੇ ਹਨ, ਜਿਸਦੇ ਜੋ ਹੱਥ ਵਿੱਚ ਆਇਆ ਉਹ ਚੁੱਕ ਲੈਂਦੇ ਹਨ। ਦੇਵੀਆਂ ਦੀ ਹੀ ਜ਼ਿਆਦਾ ਪੂਜਾ ਹੁੰਦੀ ਹੈ। ਲਕਸ਼ਮੀ ਅਤੇ ਦੁਰ੍ਗਾ ਦੋਨਾਂ ਦੀ ਮੂਰਤੀਆਂ ਬਣਾਉਂਦੇ ਹਨ। ਵੱਡੀ ਮਾਂ ਵੀ ਇੱਥੇ ਬੈਠੀ ਹੈ ਨਾ, ਜਿਸਨੂੰ ਬ੍ਰਹਮਪੁਤਰਾ ਵੀ ਕਹਿੰਦੇ ਹਨ। ਸਮਝਣਗੇ ਨਾ ਕਿ ਇਸ ਜਨਮ ਅਤੇ ਭਵਿੱਖ ਦੇ ਰੂਪ ਦੀ ਪੂਜਾ ਕਰ ਰਹੇ ਹਨ। ਕਿੰਨਾ ਵੰਡਰਫੁਲ ਡਰਾਮਾ ਹੈ। ਇਵੇਂ - ਇਵੇਂ ਦੀਆਂ ਗੱਲਾਂ ਸ਼ਾਸਤ੍ਰਾਂ ਵਿੱਚ ਆ ਨਾ ਸਕਣ। ਇਹ ਹੈ ਪ੍ਰੈਕਟੀਕਲ ਐਕਟੀਵਿਟੀ। ਤੁਹਾਨੂੰ ਬੱਚਿਆਂ ਨੂੰ ਹੁਣ ਗਿਆਨ ਹੈ। ਸਮਝਦੇ ਹਨ ਸਭ ਤੋਂ ਜ਼ਿਆਦਾ ਚਿੱਤਰ ਬਣਾਏ ਹਨ ਆਤਮਾਵਾਂ ਦੇ। ਜਦੋਂ ਰੁਦ੍ਰ ਯੱਗ ਰੱਚਦੇ ਹਨ ਤਾਂ ਲੱਖਾਂ ਸਾਲੀਗ੍ਰਾਮ ਬਣਾਉਂਦੇ ਹਨ। ਦੇਵੀਆਂ ਦੇ ਕਦੇ ਲੱਖਾਂ ਚਿੱਤਰ ਨਹੀਂ ਬਨਾਉਣਗੇ। ਉਹ ਤਾਂ ਜਿੰਨੇ ਪੂਜਾਰੀ ਹੋਣਗੇ ਉਨੀਆਂ ਦੇਵੀਆਂ ਬਣਾਉਂਦੇ ਹੋਣਗੇ। ਉਹ ਤਾਂ ਇੱਕ ਹੀ ਵਕ਼ਤ ਤੇ ਲੱਖਾਂ ਸਾਲੀਗ੍ਰਾਮ ਬਣਾਉਂਦੇ ਹਨ। ਉਨ੍ਹਾਂ ਦਾ ਕੋਈ ਫ਼ਿਕਸ ਦਿਨ ਨਹੀਂ ਹੁੰਦਾ ਹੈ। ਕੋਈ ਮਹੂਰਤ ਆਦਿ ਨਹੀਂ ਹੁੰਦਾ ਹੈ। ਜਿਵੇਂ ਦੇਵੀਆਂ ਦੀ ਪੂਜਾ ਫ਼ਿਕਸ ਸਮੇਂ ਤੇ ਹੁੰਦੀ ਹੈ। ਸੇਠ ਰੁਦ੍ਰ ਲੋਕਾਂ ਨੂੰ ਤਾਂ ਜਦੋਂ ਖ਼ਿਆਲ ਵਿੱਚ ਆਏਗਾ ਕਿ ਰੁਦ੍ਰ ਜਾਂ ਸਾਲੀਗ੍ਰਾਮ ਰਚੇਂ ਤਾਂ ਬ੍ਰਾਹਮਣ ਬੁਲਾਉਣਗੇ। ਕਿਹਾ ਜਾਂਦਾ ਹੈ ਇੱਕ ਬਾਪ ਨੂੰ ਫੇਰ ਉਨ੍ਹਾਂ ਦੇ ਨਾਲ ਫੇਰ ਸਾਲੀਗ੍ਰਾਮ ਬਣਾਉਂਦੇ ਹਨ। ਉਹ ਸੇਠ ਲੋਕੀ ਕਹਿੰਦੇ ਹਨ ਇਨ੍ਹੇ ਸਾਲੀਗ੍ਰਾਮ ਬਣਾਓ। ਉਨ੍ਹਾਂ ਦੀ ਤਿਥੀ - ਤਰੀਕ ਕੋਈ ਮੁਕੱਰਰ ਨਹੀਂ ਹੁੰਦੀ। ਇਵੇਂ ਵੀ ਨਹੀਂ ਕਿ ਜਯੰਤੀ ਤੇ ਹੀ ਰੁਦ੍ਰ ਪੂਜਾ ਕਰਦੇ ਹਨ। ਨਹੀਂ, ਅਕਸਰ ਕਰਕੇ ਸ਼ੁਭ ਦਿਨ ਬ੍ਰਿਸਪਤੀ ਨੂੰ ਹੀ ਰੱਖਦੇ ਹਨ। ਦੀਪਮਾਲਾ ਤੇ ਲੱਕਸ਼ਮੀ ਦਾ ਚਿੱਤਰ ਥਾਲੀ ਤੇ ਰੱਖ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ। ਫੇਰ ਰੱਖ ਦਿੰਦੇ ਹਨ। ਉਹ ਹੈ ਮਹਾਲਕਸ਼ਮੀ, ਯੁਗਲ਼ ਹੈ ਨਾ। ਮਨੁੱਖ ਇੰਨ੍ਹਾਂ ਗੱਲਾਂ ਨੂੰ ਜਾਣਦੇ ਨਹੀਂ। ਲਕਸ਼ਮੀ ਨੂੰ ਪੈਸੇ ਕਿੱਥੋਂ ਮਿਲਣਗੇ? ਯੁਗਲ਼ ਤਾਂ ਚਾਹੀਦੇ ਨਾ। ਤੇ ਇਹ (ਲਕਸ਼ਮੀ - ਨਾਰਾਇਣ) ਯੁਗਲ਼ ਹਨ। ਨਾਮ ਫੇਰ ਮਹਾਲਕਸ਼ਮੀ ਰੱਖ ਦਿੰਦੇ ਹਨ। ਦੇਵੀਆਂ ਕਦੋਂ ਹੋਈਆਂ, ਮਹਾਲੱਛਮੀ ਕਦੋਂ ਹੋਕੇ ਗਈ? ਇਹ ਸਭ ਗੱਲਾਂ ਮਨੁੱਖ ਨਹੀਂ ਜਾਣਦੇ ਹਨ। ਤੁਹਾਨੂੰ ਹੁਣ ਬਾਪ ਬਾਪ ਬੈਠ ਸਮਝਾਉਂਦੇ ਹਨ। ਤੁਹਾਡੇ ਵਿੱਚ ਵੀ ਸਭਨੂੰ ਇੱਕਰਸ ਧਾਰਨਾ ਨਹੀਂ ਹੁੰਦੀ ਹੈ। ਬਾਬਾ ਇਨ੍ਹਾਂ ਕੁਝ ਸਮਝਾ ਕੇ ਫੇਰ ਕਹਿੰਦੇ ਸ਼ਿਵਬਾਬਾ ਯਾਦ ਹੈ? ਵਰਸਾ ਯਾਦ ਹੈ? ਮੂਲ ਗੱਲ ਹੈ ਇਹ। ਭਗਤੀ ਮਾਰ੍ਗ ਵਿੱਚ ਕਿੰਨੇ ਪੈਸੇ ਵੇਸਟ ਕਰਦੇ ਹਨ। ਇੱਥੇ ਤੁਹਾਡੀ ਪਾਈ ਵੀ ਵੇਸਟ ਨਹੀਂ ਹੁੰਦੀ ਹੈ। ਤੁਸੀਂ ਸਰਵਿਸ ਕਰਦੇ ਹੋ ਸਾਲਵੈਂਟ ਬਣਨ ਦੇ ਲਈ। ਭਗਤੀ ਮਾਰ੍ਗ ਵਿੱਚ ਤਾਂ ਬਹੁਤ ਪੈਸੇ ਖ਼ਰਚ ਕਰਦੇ ਹਨ, ਇਨਸਾਲਵੈਂਟ ਬਣ ਜਾਂਦੇ ਹਨ। ਸਭ ਮਿੱਟੀ ਵਿੱਚ ਮਿਲ ਜਾਂਦਾ ਹੈ। ਕਿੰਨਾ ਫ਼ਰਕ ਹੈ! ਇਸ ਵਕ਼ਤ ਜੋ ਕੁਝ ਵੀ ਕਰਦੇ ਹਨ ਉਹ ਈਸ਼ਵਰੀਏ ਸਰਵਿਸ ਵਿੱਚ ਸ਼ਿਵਬਾਬਾ ਨੂੰ ਦਿੰਦੇ ਹਨ। ਸ਼ਿਵਬਾਬਾ ਤਾਂ ਖਾਂਦੇ ਨਹੀਂ ਹਨ, ਖਾਂਦੇ ਤੁਸੀਂ ਹੋ। ਤੁਸੀਂ ਬ੍ਰਾਹਮਣ ਵਿਚਕਾਰ ਟਰੱਸਟੀ ਹੋ। ਬ੍ਰਹਮਾ ਨੂੰ ਨਹੀਂ ਦਿੰਦੇ ਹੋ। ਤੁਸੀਂ ਸ਼ਿਵਬਾਬਾ ਨੂੰ ਦਿੰਦੇ ਹੋ। ਕਹਿੰਦੇ ਹੋ - ਬਾਬਾ, ਤੁਹਾਡੇ ਲਈ ਧੋਤੀ - ਕਮੀਜ਼ ਲਿਆਈ ਹਾਂ। ਬਾਬਾ ਕਹਿੰਦੇ ਹਨ - ਇਨ੍ਹਾਂ ਨੂੰ ਦੇਣ ਨਾਲ ਤੁਹਾਡਾ ਕੁਝ ਜਮ੍ਹਾਂ ਨਹੀਂ ਹੋਵੇਗਾ। ਜਮ੍ਹਾਂ ਉਹ ਹੁੰਦਾ ਹੈ ਜੋ ਤੁਸੀਂ ਸ਼ਿਵਬਾਬਾ ਨੂੰ ਯਾਦ ਕਰ ਇਨ੍ਹਾਂ ਨੂੰ ਦਿੰਦੇ ਹੋ। ਫੇਰ ਇਹ ਤਾਂ ਸਮਝਦੇ ਹਨ ਬ੍ਰਾਹਮਣ ਸ਼ਿਵਬਾਬਾ ਦੇ ਖ਼ਜ਼ਾਨੇ ਤੋਂ ਹੀ ਪਲਦੇ ਹਨ। ਬਾਬਾ ਨੂੰ ਪੁੱਛਣ ਦੀ ਲੋੜ ਨਹੀਂ ਹੈ ਕਿ ਕੀ ਭੇਜਾਂ? ਇਹ ਤਾਂ ਲੈਣਗੇ ਨਹੀਂ। ਤੁਹਾਡਾ ਜਮ੍ਹਾਂ ਹੀ ਨਹੀਂ ਹੋਵੇਗਾ, ਜੇਕਰ ਬ੍ਰਹਮਾ ਨੂੰ ਯਾਦ ਕੀਤਾ ਤਾਂ। ਬ੍ਰਹਮਾ ਨੇ ਤਾਂ ਲੈਣਾ ਹੈ ਸ਼ਿਵਬਾਬਾ ਦੇ ਖ਼ਜ਼ਾਨੇ ਤੋਂ। ਤਾਂ ਸ਼ਿਵਬਾਬਾ ਹੀ ਯਾਦ ਆਏਗਾ। ਤੁਹਾਡੀ ਚੀਜ਼ ਕਿਓ ਲੈਣ। ਬੀ. ਕੇ ਨੂੰ ਦੇਣਾ ਵੀ ਗ਼ਲਤ ਹੈ। ਬਾਬਾ ਨੇ ਸਮਝਾਇਆ ਹੈ ਤੁਸੀਂ ਕਿਸੇ ਦੀ ਚੀਜ਼ ਲੈਕੇ ਪਾਓਗੇ ਤਾਂ ਉਸਦੀ ਯਾਦ ਆਉਂਦੀ ਰਹੇਗੀ। ਕੋਈ ਹਲਕੀ ਚੀਜ਼ ਹੈ ਤਾਂ ਉਸਦੀ ਗੱਲ ਨਹੀਂ। ਚੰਗੀ ਚੀਜ਼ ਤਾਂ ਹੋਰ ਹੀ ਯਾਦ ਦਵਾਏਗੀ - ਫਲਾਨੇ ਨੇ ਇਹ ਦਿੱਤਾ ਹੈ। ਉਨ੍ਹਾਂ ਦਾ ਕੁਝ ਜਮ੍ਹਾਂ ਤੇ ਹੁੰਦਾ ਨਹੀਂ। ਤੇ ਘਾਟਾ ਪਿਆ ਨਾ। ਸ਼ਿਵਬਾਬਾ ਕਹਿੰਦੇ ਹਨ ਮਾਮੇਕਮ ਯਾਦ ਕਰੋ। ਮੈਨੂੰ ਕੱਪੜੇ ਆਦਿ ਦੀ ਲੋੜ ਨਹੀਂ। ਕੱਪੜੇ ਆਦਿ ਬੱਚਿਆਂ ਨੂੰ ਚਾਹੀਦੇ ਹਨ। ਉਹ ਸ਼ਿਵਬਾਬਾ ਦੇ ਖਜ਼ਾਨੇ ਤੋਂ ਪਾਉਣਗੇ। ਮੈਨੂੰ ਤਾਂ ਆਪਣਾ ਸ਼ਰੀਰ ਹੈ ਨਹੀਂ। ਇਹ ਤਾਂ ਸ਼ਿਵਬਾਬਾ ਦੇ ਖਜ਼ਾਨੇ ਤੋਂ ਲੈਣ ਦੇ ਹੱਕਦਾਰ ਹਨ। ਰਾਜਾਈ ਦੇ ਵੀ ਹੱਕਦਾਰ ਹਨ। ਬਾਪ ਦੇ ਘਰ ਵਿਚੋਂ ਹੀ ਬੱਚੇ ਖਾਂਦੇ ਪੀਂਦੇ ਹੈ ਨਾ। ਤੁਸੀਂ ਵੀ ਸਰਵਿਸ ਕਰਦੇ, ਕਮਾਈ ਕਰਦੇ ਰਹਿੰਦੇ ਹੋ। ਜਿੰਨੀ ਸਰਵਿਸ ਬਹੁਤ, ਉਨ੍ਹੀ ਬਹੁਤ ਕਮਾਈ ਹੋਏਗੀ। ਖਾਣਗੇ, ਪੀਣਗੇ ਸ਼ਿਵਬਾਬਾ ਦੇ ਭੰਡਾਰੇ ਤੋਂ। ਉਨ੍ਹਾਂ ਨੂੰ ਨਹੀਂ ਦੇਵਾਂਗੇ ਤਾਂ ਜਮ੍ਹਾਂ ਨਹੀਂ ਹੋਵੇਗਾ। ਸ਼ਿਵਬਾਬਾ ਨੂੰ ਹੀ ਦੇਣਾ ਹੁੰਦਾ ਹੈ। ਬਾਬਾ, ਤੁਹਾਡੇ ਕੋਲੋਂ ਭਵਿੱਖ 21 ਜਨਮਾਂ ਲਈ ਪਦਮਾਪਦਮਪਤੀ ਬਣਾਂਗੇ। ਪੈਸੇ ਤਾਂ ਖਤਮ ਹੋ ਜਾਣਗੇ ਇਸਲਈ ਸਮਰੱਥ ਨੂੰ ਅਸੀਂ ਦੇ ਦਿੰਦੇ ਹਾਂ। ਬਾਪ ਸਮਰੱਥ ਹੈ ਨਾ। 21 ਜਨਮਾਂ ਦੇ ਲਈ ਉਹ ਦਿੰਦੇ ਹਨ। ਇੰਨਡਾਇਰੈਕਟ ਵੀ ਈਸ਼ਵਰ ਅਰਥ ਦੇਂਦੇ ਹੈ ਨਾ। ਇੰਨਡਾਇਰੈਕਟ ਵਿੱਚ ਇਨ੍ਹਾਂ ਸਮਰੱਥ ਨਹੀਂ ਹੈ। ਹੁਣ ਤਾਂ ਬਹੁਤ ਸਮਰੱਥ ਹਨ ਕਿਓਂਕਿ ਸਨਮੁੱਖ ਹਨ। ਵਰਲਡ ਆਲਮਾਇਟੀ ਅਥਾਰਟੀ ਇਸ ਵਕ਼ਤ ਦੇ ਲਈ ਹੈ।

ਈਸ਼ਵਰ ਅਰਥ ਦਾਨ - ਪੁੰਨ ਕਰਦੇ ਹੋ ਤਾਂ ਅਲਪਕਾਲ ਦੇ ਲਈ ਕੁਝ ਮਿਲ ਜਾਂਦਾ ਹੈ। ਇੱਥੇ ਤਾਂ ਬਾਪ ਤੁਹਾਨੂੰ ਸਮਝਾਉਂਦੇ ਹਨ - ਮੈਂ ਸਨਮੁੱਖ ਹਾਂ। ਮੈਂ ਹੀ ਦੇਣ ਵਾਲਾ ਹਾਂ। ਇਨ੍ਹੇ ਵੀ ਸ਼ਿਵਬਾਬਾ ਨੂੰ ਸਭ ਕੁਝ ਦੇਕੇ ਸਾਰੇ ਵਿਸ਼ਵ ਦੀ ਬਾਦਸ਼ਾਹੀ ਲੈ ਲਈ ਨਾ। ਇਹ ਵੀ ਜਾਣਦੇ ਹੋ - ਇਸ ਵਿਅਕਤ ਦਾ ਹੀ ਅਵਿਅਕਤ ਰੂਪ ਵਿੱਚ ਸਾਕਸ਼ਤਕਾਰ ਹੁੰਦਾ ਹੈ। ਇਸ ਵਿੱਚ ਸ਼ਿਵਬਾਬਾ ਆਕੇ ਬੱਚਿਆਂ ਨਾਲ ਗੱਲ ਕਰਦੇ ਹਨ। ਕਦੀ ਵੀ ਇਹ ਖ਼ਿਆਲ ਨਹੀਂ ਕਰਨਾ ਚਾਹੀਦਾ - ਅਸੀਂ ਮਨੁੱਖ ਤੋਂ ਲਈਏ। ਬੋਲੋ, ਸ਼ਿਵਬਾਬਾ ਦੇ ਭੰਡਾਰੇ ਵਿੱਚ ਭੇਜ ਦੋ, ਇਨ੍ਹਾਂ ਨੂੰ ਦੇਣ ਨਾਲ ਤੇ ਕੁਝ ਨਹੀਂ ਮਿਲੇਗਾ, ਹੋਰ ਹੀ ਘਾਟਾ ਪੈ ਜਾਂਦਾ ਹੈ। ਗ਼ਰੀਬ ਹੋਣਗੇ, ਕਰਕੇ 3 - 4 ਰੁਪਏ ਦੀ ਕੋਈ ਚੀਜ਼ ਤੁਹਾਨੂੰ

ਦੇਣਗੇ। ਇਨ੍ਹਾਂ ਨਾਲੋਂ ਤਾਂ ਸ਼ਿਵਬਾਬਾ ਦੇ ਭੰਡਾਰੇ ਵਿੱਚ ਪਾਣ ਨਾਲ ਪਦਮ ਹੋ ਜਾਣਗੇ। ਆਪਣੇ ਨੂੰ ਘਾਟਾ ਥੋੜੀ ਹੀ ਪਾਣਾ ਹੈ। ਪੂਜਾ ਅਕਸਰ ਦੇਵੀਆਂ ਦੀ ਹੀ ਹੁੰਦੀ ਹੈ ਕਿਉਂਕਿ ਤੁਸੀਂ ਦੇਵੀਆਂ ਹੀ ਖ਼ਾਸ ਨਿਮਿਤ ਬਨਦੀਆਂ ਹੋ ਗਿਆਨ ਦੇਣ ਦੇ। ਭਾਵੇਂ ਗੋਪ ਵੀ ਸਮਝਾਉਂਦੇ ਹਨ ਪਰ ਅਕਸਰ ਕਰਕੇ ਤਾਂ ਮਾਤਾਵਾਂ ਹੀ ਬ੍ਰਾਹਮਣੀ ਬਣ ਰਸਤਾ ਦੱਸਦੀਆਂ ਹਨ ਇਸਲਈ ਦੇਵੀਆਂ ਦਾ ਨਾਮ ਜਾਸਤੀ ਹੈ। ਦੇਵੀਆਂ ਦੀ ਬਹੁਤ ਪੂਜਾ ਹੁੰਦੀ ਹੈ। ਇਹ ਵੀ ਤੁਸੀਂ ਬੱਚੇ ਸਮਝਦੇ ਹੋ ਅੱਧਾਕਲਪ ਅਸੀਂ ਪੂਜਯ ਸੀ। ਪਹਿਲਾਂ ਹਨ ਫੁਲ ਪੂਜਯ, ਫੇਰ ਸੈਮੀ ਪੂਜਯ ਕਿਉਂਕਿ ਦੋ ਕਲਾਂ ਘੱਟ ਹੋ ਜਾਂਦੀਆਂ ਹਨ। ਰਾਮ ਦੀ ਡਿਨਾਇਸਟੀ ਕਹਾਂਗੇ ਤ੍ਰੇਤਾ ਵਿਚ। ਉਹ ਤਾਂ ਲੱਖਾਂ ਵਰ੍ਹੇ ਦੀ ਗੱਲ ਕਹਿ ਦਿੰਦੇ ਹਨ, ਤੇ ਉਸਦਾ ਕੋਈ ਹਿਸਾਬ ਹੀ ਨਹੀਂ ਹੋ ਸਕਦਾ। ਭਗਤੀ ਮਾਰ੍ਗ ਵਾਲਿਆਂ ਦੀ ਬੁੱਧੀ ਵਿੱਚ ਅਤੇ ਤੁਹਾਡੀ ਬੁੱਧੀ ਵਿੱਚ ਕਿੰਨਾ ਰਾਤ - ਦਿਨ ਦਾ ਫ਼ਰਕ ਹੈ! ਤੁਸੀਂ ਹੋ ਈਸ਼ਵਰੀਏ ਬੁੱਧੀ, ਉਹ ਹੈ ਰਾਵਣ ਦੀ ਬੁੱਧੀ। ਤੁਹਾਡੀ ਬੁੱਧੀ ਵਿੱਚ ਹੈ ਕਿ ਇਹ ਸਾਰਾ ਚੱਕਰ ਹੀ 5 ਹਜ਼ਾਰ ਵਰ੍ਹੇ ਦਾ ਹੈ, ਜੋ ਫ਼ਿਰਦਾ ਰਹਿੰਦਾ ਹੈ। ਜੋ ਰਾਤ ਵਿੱਚ ਹਨ ਉਹ ਕਹਿੰਦੇ ਹਨ ਲੱਖਾਂ ਵਰ੍ਹੇ, ਜੋ ਦਿਨ ਵਿੱਚ ਹਨ ਉਹ ਕਹਿੰਦੇ 5 ਹਜ਼ਾਰ ਵਰ੍ਹੇ। ਅੱਧਾਕਲਪ ਭਗਤੀ ਮਾਰ੍ਗ ਵਿੱਚ ਤੁਸੀਂ ਝੂਠੀਆਂ ਗੱਲਾਂ ਸੁਣੀਆਂ ਹਨ। ਸਤਿਯੁੱਗ ਵਿੱਚ ਇਵੇਂ ਦੀਆਂ ਗੱਲਾਂ ਹੁੰਦੀਆਂ ਹੀ ਨਹੀਂ। ਉੱਥੇ ਤਾਂ ਵਰਸਾ ਮਿਲਦਾ ਹੈ। ਹੁਣ ਤੁਹਾਨੂੰ ਡਾਇਰੈਕਟ ਮੱਤ ਮਿਲਦੀ ਹੈ। ਸ਼੍ਰੀਮਦ ਭਾਗਵਤ ਗੀਤਾ ਹੈ ਨਾ। ਹੋਰ ਕਿਸੀ ਸ਼ਾਸਤ੍ਰ ਵਿੱਚ ਸ਼੍ਰੀਮਦ ਨਾਮ ਹੈ ਨਹੀਂ। ਹਰ 5 ਹਜ਼ਾਰ ਵਰ੍ਹੇ ਬਾਦ ਇਹ ਪੁਰਸ਼ੋਤਮ ਸੰਗਮਯੁੱਗ, ਗੀਤਾ ਦਾ ਯੁੱਗ ਆਉਂਦਾ ਹੈ। ਲੱਖਾਂ ਵਰ੍ਹੇ ਦੀ ਤਾਂ ਗੱਲ ਹੋ ਨਹੀਂ ਸਕਦੀ ਹੈ। ਕਦੀ ਵੀ ਕੋਈ ਆਏ ਤਾਂ ਲੈ ਜਾਓ ਸੰਗਮ ਤੇ। ਬੇਹੱਦ ਦੇ ਬਾਪ ਨੇ ਰਚੈਤਾ ਮਤਲਬ ਆਪਣਾ ਅਤੇ ਰਚਨਾ ਦਾ ਸਾਰਾ ਪਰਿਚੈ ਦਿੱਤਾ ਹੈ। ਫੇਰ ਵੀ ਕਹਿੰਦੇ ਹਨ - ਅੱਛਾ, ਬਾਪ ਨੂੰ ਯਾਦ ਕਰੋ, ਹੋਰ ਕੁਝ ਧਾਰਨ ਨਹੀਂ ਕਰ ਸਕਦੇ ਹੋ ਤਾਂ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਪਵਿੱਤਰ ਤਾਂ ਬਣਨਾ ਹੀ ਹੈ। ਬਾਪ ਕੋਲੋਂ ਵਰਸਾ ਲੈਂਦੇ ਹੋ ਤਾਂ ਦੈਵੀਗੁਣ ਵੀ ਧਾਰਨ ਕਰਨੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. 21 ਜਨਮਾਂ ਦੇ ਲਈ ਪਦਮਾਂ ਦੀ ਕਮਾਈ ਜਮ੍ਹਾਂ ਕਰਨ ਦੇ ਲਈ ਡਾਇਰੈਕਟ ਈਸ਼ਵਰੀਏ ਸੇਵਾ ਵਿੱਚ ਸਭ ਕੁਝ ਸਫ਼ਲ ਕਰਨਾ ਹੈ। ਟਰੱਸਟੀ ਬਣ ਸ਼ਿਵਬਾਬਾ ਦੇ ਨਾਮ ਤੇ ਸੇਵਾ ਕਰਨੀ ਹੈ।

2. ਯਾਦ ਵਿੱਚ ਜਿਨਾਂ ਵਕ਼ਤ ਬੈਠਦੇ, ਉਤਨਾ ਵਕ਼ਤ ਬੁੱਧੀ ਕਿੱਥੇ - ਕਿੱਥੇ ਗਈ - ਇਹ ਚੈਕ ਕਰਨਾ ਹੈ। ਆਪਣਾ ਸੱਚਾ - ਸੱਚਾ ਪੋਤਾਮੇਲ ਰੱਖਣਾ ਹੈ। ਨਰ ਤੋਂ ਨਾਰਾਇਣ ਬਣਨ ਦੇ ਲਈ ਬਾਪ ਅਤੇ ਵਰਸੇ ਦੀ ਯਾਦ ਵਿੱਚ ਰਹਿਣਾ ਹੈ। ।

ਵਰਦਾਨ:- ਵਿਸਮ੍ਰਿਤੀ ਦੀ ਦੁਨੀਆਂ ਤੋਂ ਨਿਕਲ ਸਮ੍ਰਿਤੀ ਸਵਰੂਪ ਰਹਿ ਹੀਰੋ ਪਾਰ੍ਟ ਵਜਾਉਣ ਵਾਲੇ ਵਿਸ਼ੇਸ਼ ਆਤਮਾ ਭਵ

ਇਹ ਸੰਗਮਯੁਗ ਸਮ੍ਰਿਤੀ ਦਾ ਯੁਗ ਹੈ ਅਤੇ ਕਲਿਯੁਗ ਵਿਸਮ੍ਰਿਤੀ ਦਾ ਯੁਗ ਹੈ। ਤੁਸੀਂ ਸਭ ਵਿਸਮ੍ਰਿਤੀ ਦੀ ਦੁਨੀਆਂ ਤੋਂ ਨਿਕਲ ਆਏ ਜੋ ਸਮ੍ਰਿਤੀ ਸਵਰੂਪ ਹੋ ਉਹੀ ਹੀਰੋ ਪਾਰ੍ਟ ਵਾਲੀ ਵਿਸ਼ੇਸ਼ ਆਤਮਾ ਹਨ। ਇਸ ਸਮੇਂ ਡਬਲ ਹੀਰੋ ਹੋ, ਇੱਕ ਹੀਰੇ ਸਮਾਨ ਵੈਲਿਊਏਬਲ ਬਣੇ ਹੋ ਦੂਸਰਾ ਹੀਰੋ ਪਾਰ੍ਟ ਹੈ। ਤਾਂ ਇਹੀ ਦਿਲ ਦਾ ਗੀਤ ਸਦਾ ਵਜਦਾ ਰਹੇ ਕਿ ਵਾਹ ਮੇਰਾ ਸ਼੍ਰੇਸ਼ਠ ਭਾਗ। ਜਿਵੇਂ ਦੇਹ ਦਾ ਆਕੂਪੇਸ਼ਨ ਯਾਦ ਰਹਿੰਦਾ ਹੈ ਕਿ "ਮੈਂ ਸ਼੍ਰੇਸ਼ਠ ਆਤਮਾ ਹਾਂ" ਯਾਦ ਰਹੇ ਉਦੋਂ ਕਹਾਂਗੇ ਵਿਸ਼ੇਸ਼ ਆਤਮਾ।

ਸਲੋਗਨ:- ਹਿੰਮਤ ਦਾ ਪਹਿਲਾ ਕਦਮ ਅੱਗੇ ਵਧਾਓ ਤਾਂ ਬਾਪ ਦੀ ਸੰਪੂਰਨ ਮਦਦ ਮਿਲੇਗੀ।

******